ਹੇ ਅਬੁ ਮੁੰਜ਼ਿਰ ! ਕੀ ਤੂੰ ਜਾਣਦਾ ਹੈਂ ਕਿ ਤੇਰੇ ਕੋਲ ਮੌਜੂਦ ਅੱਲਾਹ ਦੀ ਕਿਤਾਬ ਦੀ ਕਿਹੜੀ ਆਇਤ ਸਭ ਤੋਂ ਮਹਾਨ ਹੈ ?" ਮੈਂ ਕਿਹਾ : {اللهُ لا إِلَهَ إِلا هُوَ الْحَيُّ الْقَيُّومُ} [ਸੂਰਤ ਅਲ-ਬਕਰਹ: 255] ਉਹ ਕਹਿੰਦੇ ਹਨ ਕਿ ਇਹ ਸੁਣ ਕਿ ਆਪ ▯ ਨੇ ਮੇਰੇ ਸੀਨੇ 'ਤੇ ਹੱਥ ਮਾਰਿਆ ਅਤੇ ਫਰਮਾਇਆ : "ਅੱਲਾਹ ਦੀ ਕਸਮ ! ਅਬੁ ਮੁੰਜ਼ਿਰ ! ਤੇਰੇ ਲਈ ਇਹ ਇਲਮ (ਗਿਆਨ) ਮੁਬਾਰਕ ਹੋਵੇ।

ਉਬਈ ਬਿਨ ਕਾਅਬ (ਰਜ਼ੀਅੱਲਾਹੁ ਅਨਹੁ) ਤੋਂ ਰਿਵਾਇਤ ਹੈ ਕਿ ਰਸੂਲੁੱਲਾਹ ▯ ਨੇ ਫਰਮਾਇਆ: "ਹੇ ਅਬੁ ਮੁੰਜ਼ਿਰ ! ਕੀ ਤੂੰ ਜਾਣਦਾ ਹੈਂ ਕਿ ਤੇਰੇ ਕੋਲ ਮੌਜੂਦ ਅੱਲਾਹ ਦੀ ਕਿਤਾਬ ਦੀ ਕਿਹੜੀ ਆਇਤ ਸਭ ਤੋਂ ਮਹਾਨ ਹੈ ?" ਉਹ ਕਹਿੰਦੇ ਹਨ ਕਿ ਮੈਂ ਕਿਹਾ : ਅੱਲਾਹ ਅਤੇ ਉਸਦੇ ਰਸੂਲ ▯ ਹੀ ਬਿਹਤਰ ਜਾਣਦੇ ਹਨ। ਆਪ ▯ ਨੇ ਦੁਬਾਰਾ ਪੁੱਛਿਆ : "ਹੇ ਅਬੁ ਮੁੰਜ਼ਿਰ ! ਕੀ ਤੂੰ ਜਾਣਦਾ ਹੈਂ ਕਿ ਤੇਰੇ ਕੋਲ ਮੌਜੂਦ ਅੱਲਾਹ ਦੀ ਕਿਤਾਬ ਦੀ ਕਿਹੜੀ ਆਇਤ ਸਭ ਤੋਂ ਮਹਾਨ ਹੈ ?" ਮੈਂ ਕਿਹਾ : {اللهُ لا إِلَهَ إِلا هُوَ الْحَيُّ الْقَيُّومُ} [ਸੂਰਤ ਅਲ-ਬਕਰਹ: 255] ਉਹ ਕਹਿੰਦੇ ਹਨ ਕਿ ਇਹ ਸੁਣ ਕਿ ਆਪ ▯ ਨੇ ਮੇਰੇ ਸੀਨੇ 'ਤੇ ਹੱਥ ਮਾਰਿਆ ਅਤੇ ਫਰਮਾਇਆ : "ਅੱਲਾਹ ਦੀ ਕਸਮ ! ਅਬੁ ਮੁੰਜ਼ਿਰ ! ਤੇਰੇ ਲਈ ਇਹ ਇਲਮ (ਗਿਆਨ) ਮੁਬਾਰਕ ਹੋਵੇ। "

[صحيح] [رواه مسلم]

ਅੱਲਾਹ ਦੇ ਨਬੀ ▯ ਨੇ ਉਬਈ ਬਿਨ ਕਾਅਬ ਨੂੰ ਅੱਲਾਹ ਦੀ ਕਿਤਾਬ ਦੀ ਸਭ ਤੋਂ ਮਹਾਨ ਆਇਤ ਬਾਰੇ ਪੁੱਛਿਆ , ਤਾਂ ਪਹਿਲਾਂ ਤਾਂ ਉਨ੍ਹਾਂ ਨੂੰ ਜਵਾਬ ਦੇਣ ਵਿੱਚ ਝਿਜਕ ਹੋਣ ਲੱਗੀ। ਲੇਕਿਨ ਫਿਰ ਬਾਅਦ ਵਿੱਚ ਜਵਾਬ ਦਿੱਤਾ ਕਿ ਉਹ ਆਇਤ-ਅਲ-ਕੁਰਸੀ {اللهُ لا إِلَهَ إِلا هُوَ الْحَيُّ الْقَيُّومُ "ਅੱਲਾਹੁ ਲਾ ਇਲਾਹਾ ਇੱਲਾਹੁ ਅਲ -ਹੱਯੁਲ -ਕ਼ਯੂਮ "} ਹੈ। ਸੋ ਨਬੀ ▯ ਨੇ ਇਸ ਦੀ ਤਸਦੀਕ (ਪੁਸ਼ਟੀ) ਕੀਤੀ ਅਤੇ ਉਨ੍ਹਾਂ ਦੇ ਸੀਨੇ 'ਤੇ ਇਸ ਗੱਲ ਦਾ ਇਸ਼ਾਰਾ ਕਰਦੇ ਹੋਏ ਹੱਥ ਮਾਰਿਆ ਕਿ ਉਨ੍ਹਾਂ ਦਾ ਸੀਨਾ ਗਿਆਨ ਤੇ ਸਿਆਣਪ ਨਾਲ ਭਰਿਆ ਹੋਇਆ ਹੈ। ਨਾਲ ਹੀ ਉਨ੍ਹਾਂ ਲਈ ਦੁਆ ਵੀ ਕੀਤੀ ਕਿ ਉਨ੍ਹਾਂ ਨੂੰ ਇਹ ਗਿਆਨ ਮੁਬਾਰਕ ਹੋਵੇ ਤੇ ਉਨ੍ਹਾਂ ਲਈ ਇਸ ਗਿਆਨ ਨੂੰ ਸਿੱਖਣ ਵਿੱਚ ਅਸਾਨੀ ਹੋਵੇ।

http://sunnah.global/hadeeth/pa/show/65059